ਤੁਹਾਨੂੰ ਬੈਂਕ ਅਕਾਊਂਟ ਦੀ ਲੋੜ ਪਵੇਗੀ ਅਤੇ ਅਗਾਊਂ ਇਹ ਸੋਚਣਾ ਪਵੇਗਾ ਕਿ ਤੁਹਾਡੇ ਪੈਸੇ ਤੁਹਾਡੇ ਟੀਚੇ ਪੂਰੇ ਕਰਨ ਵਿਚ ਕਿਵੇਂ ਤੁਹਾਡੀ ਬਿਹਤਰ ਮਦਦ ਕਰ ਸਕਦੇ ਹਨ।



ਅਤੇ, ਜੇ ਤੁਸੀਂ ਜਾਂ ਤੁਹਾਡਾ ਸੋਸ਼ਲ ਵਰਕਰ ਇਹ ਸੋਚਦੇ ਹੋਵੋ ਕਿ 19 ਸਾਲ ਦੇ ਹੋ ਜਾਣ ਤੋਂ ਬਾਅਦ ਆਪਣੇ ਪੈਸੇ ਸਾਂਭਣ ਲਈ ਤੁਹਾਨੂੰ ਵਾਧੂ ਮਦਦ ਦੀ ਲੋੜ ਹੋ ਸਕਦੀ ਹੈ ਤਾਂ ਤੁਹਾਡੇ ਲਈ ਸਹੀ ਪਲੈਨ ਬਣਾਉਣ ਲਈ, ਜੀ ਟੀ ਓ ਤੁਹਾਡੇ ਨਾਲ, ਤੁਹਾਡੇ ਸੋਸ਼ਲ ਵਰਕਰ ਨਾਲ ਅਤੇ ਤੁਹਾਡੀ ਜ਼ਿੰਦਗੀ ਵਿਚਲੇ ਮਹੱਤਵਪੂਰਨ ਲੋਕਾਂ ਨਾਲ ਰਲ ਕੇ ਕੰਮ ਕਰ ਸਕਦਾ ਹੈ।

*ਡੌਲਰਜ਼ ਐਂਡ ਸੈਂਸ* ਨਾਂ ਦਾ ਇਕ ਕਿਤਾਬਚਾ ਪੀ ਜੀ ਟੀ ਦੇ ਵੈੱਬਸਾਈਟ 'ਤੇ ਹੈ। ਇਹ ਇਕ ਅਜਿਹਾ ਟੂਲ ਹੈ ਜਿਹੜਾ ਤੁਸੀਂ ਆਪਣੇ ਪੈਸਿਆਂ ਨੂੰ ਉਸ ਤਰੀਕੇ ਨਾਲ ਸਾਂਭਣ ਬਾਰੇ ਫੈਸਲੇ ਕਰਨ ਲਈ ਵਰਤ ਸਕਦੇ ਹੋ ਜਿਹੜਾ ਤੁਹਾਡਾ ਲਈ ਸਭ ਤੋਂ ਬਿਹਤਰ ਹੈ। ਤੁਸੀਂ *ਫਸਟ ਨੇਸ਼ਨਜ਼ ਫਾਇਨੈਂਸ਼ਲ ਫਿਟਨੈੱਸ: ਯੁਅਰ ਗਾਈਡ ਫਾਰ ਗੈਟਿੰਗ ਹੈਲਥੀ, ਵੈਲਥੀ, ਐਂਡ ਵਾਈਜ਼* ਨਾਲ ਲਿੰਕ ਵੀ ਦੇਖ ਸਕਦੇ ਹੋ।

ਅਤੇ ਅੰਤ ਵਿਚ, ਬਹੁਤ ਸਾਰੀਆਂ ਬੈਂਕਾਂ ਅਤੇ ਕਰੈਡਿਟ ਯੂਨੀਅਨਾਂ ਵੀ ਜਵਾਨ ਲੋਕਾਂ ਲਈ ਫਾਇਨੈਂਸ਼ਲ ਟੂਲ ਅਤੇ ਸਲਾਹ ਪ੍ਰਦਾਨ ਕਰਦੀਆਂ ਹਨ। ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਇਹ ਚੈੱਕ ਕਰ ਲਓ ਕਿ ਤੁਹਾਡੇ ਇਲਾਕੇ ਵਿਚ ਕੀ ਮਿਲਦਾ ਹੈ !

ਜੇ ਤੁਹਾਡੇ ਮਨ ਵਿਚ ਪੀ ਜੀ ਟੀ ਬਾਰੇ ਜਾਂ ਆਪਣੀ ਜ਼ਿੰਦਗੀ ਵਿਚ ਪੀ ਜੀ ਟੀ ਦੇ ਰੋਲ ਬਾਰੇ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ।


**Child and Youth Services**
**Public Guardian and Trustee**
700-808 West Hastings Street
Vancouver, BC V6C 3L3
ਟੈਲੀਫੋਨ: 604.775.3480
ਈਮੇਲ: cys@trustee.bc.ca

www.trustee.bc.ca.
ਈਮੇਲ: webmail@trustee.bc.ca


ਸਰਵਿਸ ਬੀ ਰਾਹੀਂ ਦੂਰੋਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਆਪਣੇ ਇਲਾਕੇ (ਹੇਠਾਂ) ਲਈ ਢੁਕਵੇਂ ਨੰਬਰ 'ਤੇ ਫੋਨ ਕਰਨ ਤੋਂ ਬਾਅਦ ਪੀ ਜੀ ਟੀ ਨੂੰ ਤਬਦੀਲ ਕੀਤੇ ਜਾਣ ਲਈ ਕਹੋ (ਦਫਤਰ ਖੁਲ੍ਹਣ ਦਾ ਆਮ ਸਮਾਂ ਸਵੇਰ ਦੇ 8:30 ਤੋਂ ਲੈ ਕੇ ਬਾਅਦ ਦੁਪਹਿਰ 4:30 ਵਜੇ, ਸੋਮਵਾਰ-ਸ਼ੁਕਰਵਾਰ ਤੱਕ ਹੈ)।

| | |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਓਂ ਵੀ | 800.663.7867 |




March 2013 13-3#63

Youth In Care [Punjabi]


# ਪਬਲਿਕ ਗਾਰਡੀਅਨ ਐਂਡ ਟਰੱਸਟੀ

# ਸੰਭਾਲ ਹੇਠਲੇ ਜਵਾਨ

Public Guardian and Trustee of British Columbia


T36531Punjabi_Youth in Care - FLA.indd 1 4/8/2013 9:50:06 AM

ਜੇ ਤੁਸੀਂ ਲਗਾਤਾਰ ਬੀ ਸੀ ਸੂਬੇ ਦੀ ਸੰਭਾਲ ਹੇਠ ਹੋ ਤਾਂ ਫਿਰ ਤੁਹਾਡੇ ਕੋਲ ਪ੍ਰਾਪਰਟੀ ਗਾਰਡੀਅਨ ਹੈ ਅਤੇ ਉਹ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਹੈ। ਇਸ ਦਾ ਮਤਲਬ ਹੈ ਕਿ ਪੀ ਜੀ ਟੀ ਤੁਹਾਡੇ ਕਾਨੂੰਨੀ ਅਤੇ ਵਿੱਤੀ ਮਾਮਲਿਆਂ ਲਈ ਜ਼ਿੰਮੇਵਾਰ ਹੈ।

# ਇਸ ਦਾ ਅਸਲੀ ਮਤਲਬ ਕੀ ਹੈ?

## ਵਿੱਤੀ ਫਾਇਦੇ

ਜੇ ਅਸੀਂ ਤੁਹਾਡੇ ਪ੍ਰਾਪਰਟੀ ਗਾਰਡੀਅਨ ਹਾਂ ਤਾਂ ਅਸੀਂ ਉਨ੍ਹਾਂ ਵਿੱਤੀ ਫੰਡਾਂ ਜਾਂ ਬੈਨੇਫਿਟਸ ਲਈ ਅਪਲਾਈ ਕਰਨਾ ਚਾਹੁੰਦੇ ਹਾਂ ਜਿਹੜੇ ਲੈਣ ਦੇ ਤੁਸੀਂ ਹੱਕਦਾਰ ਹੋ ਸਕਦੇ ਹੋ। ਅਜਿਹਾ ਕਰਨ ਲਈ, ਅਸੀਂ ਤੁਹਾਡੇ ਸੋਸ਼ਲ ਵਰਕਰ, ਫੋਸਟਰ ਮਾਪੇ ਜਾਂ ਤੁਹਾਡੀ ਮਦਦ ਕਰਨ ਵਾਲੇ ਕਿਸੇ ਹੋਰ ਮਹੱਤਵਪੂਰਨ ਬਾਲਗ ਨੂੰ ਸਾਡੇ ਨਾਲ ਸੰਪਰਕ ਕਰਨ ਅਤੇ ਜਾਣਕਾਰੀ ਸਾਂਝੀ ਕਰਨ ਲਈ ਉਤਸ਼ਾਹ ਦਿੰਦੇ ਹਾਂ। ਅਸੀਂ ਤੁਹਾਡੇ ਤੋਂ ਵੀ ਸੁਣਨਾ ਚਾਹੁੰਦੇ ਹਾਂ!

ਉਦਾਹਰਣ ਲਈ, ਅਸੀਂ ਤੁਹਾਡੇ ਸੋਸ਼ਲ ਵਰਕਰ ਨੂੰ ਇਹ ਦੱਸਣ ਲਈ ਕਹਿੰਦੇ ਹਾਂ ਕਿ ਕੀ ਤੁਹਾਡਾ ਮਾਪਾ ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਡਿਸਏਬਿਲਟੀ ਬੈਨੇਫਿਟਸ ਲੈ ਰਿਹਾ ਹੈ ਜਾਂ ਉਸ ਦੀ ਮੌਤ ਹੋ ਗਈ ਹੈ। ਕਿਉਂ? ਕਿਉਂਕਿ ਤੁਸੀਂ ਵੀ ਸੀ ਪੀ ਪੀ ਬੈਨੇਫਿਟਸ ਲੈਣ ਦੇ ਯੋਗ ਹੋ ਸਕਦੇ ਹੋ। ਜੇ ਤੁਸੀਂ ਯੋਗ ਹੋਵੋ ਤਾਂ ਤੁਸੀਂ ਇਹ ਮਹੀਨਾਵਾਰ ਪੇਮੈਂਟਾਂ 18 ਸਾਲ ਦੀ ਉਮਰ ਤੱਕ ਲੈ ਸਕਦੇ ਹੋ। ਅਤੇ, ਜੇ ਤੁਸੀਂ 18 ਸਾਲ ਤੋਂ 25 ਸਾਲ ਦੀ ਉਮਰ ਤੱਕ ਸਕੂਲ ਵਿਚ ਹੋਵੋ ਤਾਂ ਸਕੂਲ ਵਿਚ ਹੋਣ ਦੌਰਾਨ ਤੁਸੀਂ ਇਹ ਬੈਨੇਫਿਟਸ ਲੈਣਾ ਜਾਰੀ ਰੱਖ ਸਕਦੇ ਹੋ।

ਜੇ ਤੁਸੀਂ ਸੀ ਪੀ ਪੀ ਪੇਮੈਂਟਾਂ ਜਾਂ ਕੋਈ ਹੋਰ ਫੰਡ ਲੈਣ ਦੇ ਯੋਗ ਹੋਵੋ ਤਾਂ ਸਾਡਾ ਦਫਤਰ ਉਨ੍ਹਾਂ ਲਈ ਅਪਲਾਈ ਕਰੇਗਾ ਅਤੇ ਤੁਹਾਡੀ ਤਰਫੋਂ ਪ੍ਰਾਪਤ ਕਰੇਗਾ। ਸਾਨੂੰ ਮਿਲਣ ਵਾਲੇ ਸਾਰੇ ਫੰਡਾਂ ਨੂੰ ਵਿਆਜ ਲੱਗਣ ਵਾਲੇ ਟਰੱਸਟ ਅਕਾਊਂਟ ਵਿਚ ਰੱਖਿਆ ਜਾਂਦਾ ਹੈ ਜੋ ਕਿ ਤੁਹਾਡੇ ਨਾਂ 'ਤੇ ਹੁੰਦਾ ਹੈ ਅਤੇ ਹਰ ਮਹੀਨੇ ਲੱਗਿਆ ਸਾਰਾ ਵਿਆਜ ਤੁਹਾਡੇ ਅਕਾਊਂਟ ਵਿਚ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ।

ਪੀ ਜੀ ਟੀ ਵਿਖੇ ਤੁਹਾਡਾ ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ (ਜੀ ਟੀ ਓ) ਇਹ ਪੱਕਾ ਕਰਨ ਲਈ ਤੁਹਾਡੇ ਨਾਲ ਜਾਂ ਤੁਹਾਡੇ ਸੋਸ਼ਲ ਵਰਕਰ ਨਾਲ ਸੰਪਰਕ ਕਰੇਗਾ ਕਿ ਤੁਹਾਨੂੰ ਇਹ ਸਾਰੀ ਜਾਣਕਾਰੀ ਹੋਵੇ।

ਕਿਰਪਾ ਕਰਕੇ ਇਹ ਜਾਣੋ ਕਿ ਅਸੀਂ ਸਦਾ ਭੇਤਦਾਰੀ ਦਾ ਆਦਰ ਕਰਦੇ ਹਾਂ!

## ਕਾਨੂੰਨੀ ਮਸਲੇ

ਸੂਬੇ ਦੀ ਸੰਭਾਲ ਹੇਠ ਜਾਰੀ ਰਹਿਣ ਦੌਰਾਨ ਜੇ ਤੁਸੀਂ ਕਿਸੇ ਐਕਸੀਡੈਂਟ ਵਿਚ ਜ਼ਖਮੀ ਹੋ ਗਏ ਹੋਵੋ ਜਾਂ ਸ਼ਾਮਲ ਹੋਵੋ ਤਾਂ ਤੁਹਾਡਾ ਸੋਸ਼ਲ ਵਰਕਰ ਇਹ ਜਾਣਕਾਰੀ ਪੀ ਜੀ ਟੀ ਨਾਲ ਸਾਂਝੀ ਕਰਨ ਲਈ ਜ਼ਿੰਮੇਵਾਰ ਹੈ। ਸੋਸ਼ਲ ਵਰਕਰ ਇਨ੍ਹਾਂ ਘਟਨਾਵਾਂ ਬਾਰੇ ਪੀ ਜੀ ਟੀ ਨੂੰ ਇਕ ਰਿਪੋਰਟ ਭੇਜ ਕੇ ਜੀ ਟੀ ਓ ਨੂੰ ਦੱਸਦੇ ਹਨ ਜਾਂ ਇਸੇ ਤਰੀਕੇ ਨਾਲ ਜੀ ਟੀ ਓ ਨਾਲ ਸੰਪਰਕ ਕਰਕੇ ਦੱਸਦੇ ਹਨ।

ਜੀ ਟੀ ਓ ਜਾਣਕਾਰੀ ਦੀ ਪੜਤਾਲ ਕਰਦਾ ਹੈ ਅਤੇ ਇਹ ਪਤਾ ਲਾਉਣ ਲਈ ਅਕਸਰ ਪੀ ਜੀ ਟੀ ਵਿਖੇ ਕਿਸੇ ਵਕੀਲ ਨਾਲ ਗੱਲ ਕਰੇਗਾ ਕਿ ਕੀ ਤੁਹਾਡੀ ਤਰਫੋਂ ਕਾਨੂੰਨੀ ਕਲੇਮ ਬਣਦਾ ਹੈ ਜਾਂ ਨਹੀਂ। ਜਿਨ੍ਹਾਂ ਕਿਸਮਾਂ ਦੀਆਂ ਸੱਟਾਂ ਬਾਰੇ ਤੁਹਾਡਾ ਸੋਸ਼ਲ ਵਰਕਰ ਸਾਨੂੰ ਦੱਸੇਗਾ ਉਨ੍ਹਾਂ ਵਿਚ ਕਾਰ ਐਕਸੀਡੈਂਟ ਵਿਚ ਲੱਗੀਆਂ ਸੱਟਾਂ, ਸਕੂਲ ਵਿਚ ਐਕਸੀਡੈਂਟ, ਸਰੀਰਕ ਜਾਂ ਕਾਮੁਕ ਹਮਲੇ ਕਾਰਨ ਲੱਗੀਆਂ ਸੱਟਾਂ ਜਾਂ ਕਿਸੇ ਹੋਰ ਕਿਸਮ ਦੀ ਸੱਟ ਜਾਂ ਨੁਕਸਾਨ ਸ਼ਾਮਲ ਹਨ।

ਅਸੀਂ ਜਵਾਨਾਂ ਦੀ ਹੋਰ ਚੀਜ਼ਾਂ ਵਿਚ ਵੀ ਮਦਦ ਕਰਦੇ ਹਾਂ ਜਿਵੇਂ ਕਿ ਰੁਜ਼ਗਾਰ ਦੇ ਮਸਲਿਆਂ ਨਾਲ ਸਿੱਝਣਾ। ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਤੁਹਾਨੂੰ ਤੁਹਾਡੇ ਕੰਮ ਤੋਂ ਗਲਤ ਤਰੀਕੇ ਨਾਲ ਹਟਾਇਆ ਗਿਆ ਹੈ ਤਾਂ ਤੁਸੀਂ ਆਪਣੇ ਸੋਸ਼ਲ ਵਰਕਰ ਜਾਂ ਜੀ ਟੀ ਓ ਨਾਲ ਸੰਪਰਕ ਕਰ ਸਕਦੇ ਹੋ ਅਤੇ ਸਾਡੇ ਵਕੀਲਾਂ ਵਿੱਚੋਂ ਕੋਈ ਵਕੀਲ ਉਸ ਸਰਕਾਰੀ ਏਜੰਸੀ ਨਾਲ ਵਰਤਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ (ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ) ਜਿਹੜੀ ਕੰਮ-ਮਾਲਕ/ਮੁਲਾਜ਼ਮਾਂ ਦੇ ਮਤਭੇਦਾਂ ਨਾਲ ਸਿੱਝਦੀ ਹੈ।

ਅਸੀਂ ਜਵਾਨ ਵਰਕਰਾਂ ਦੀ ਵਰਕਸੇਫ ਬੀ ਸੀ ਨਾਲ ਵਰਤਣ ਵਿਚ ਵੀ ਮਦਦ ਕੀਤੀ ਹੈ।

ਕਿਰਪਾ ਕਰਕੇ ਇਹ ਪੱਕਾ ਕਰਨ ਲਈ ਬੇਝਿਜਕ ਆਪਣੇ ਸੋਸ਼ਲ ਵਰਕਰ ਜਾਂ ਆਪਣੇ ਜੀ ਟੀ ਓ ਨਾਲ ਗੱਲ ਕਰੋ ਕਿ ਪੀ ਜੀ ਟੀ ਕੋਲ ਤੁਹਾਡੇ ਬਾਰੇ ਸਭ ਤੋਂ ਤਾਜ਼ਾ ਜਾਣਕਾਰੀ ਹੈ।



## ਤੁਹਾਡੇ ਪੈਸਿਆਂ ਨੂੰ ਸਾਂਭਣਾ

ਜੇ ਪੀ ਜੀ ਟੀ ਨੂੰ ਤੁਹਾਡੀ ਤਰਫੋਂ ਤੁਹਾਡੇ ਪੈਸੇ ਸਾਂਭਣ ਲਈ ਮਿਲੇ ਹਨ ਤਾਂ ਅਸੀਂ ਇਹ ਪੈਸੇ ਟਰੱਸਟ ਵਿਚ ਉਦੋਂ ਤੱਕ ਸਾਂਭਾਂਗੇ ਜਦ ਤੱਕ ਤੁਸੀਂ 19 ਸਾਲ ਦੇ ਨਹੀਂ ਹੋ ਜਾਂਦੇ (ਬੀ ਸੀ ਵਿਚ ਕਾਨੂੰਨੀ ਤੌਰ 'ਤੇ ਬਾਲਗ ਹੋਣ ਦੀ ਉਮਰ)। ਬੀ ਸੀ ਦੇ ਕਾਨੂੰਨ ਕਹਿੰਦੇ ਹਨ ਕਿ ਤੁਹਾਡੇ ਲਈ, ਪੀ ਜੀ ਟੀ ਲਈ ਇਹ ਪੈਸੇ ਉਦੋਂ ਤੱਕ ਸਾਂਭਣਾ ਅਤੇ ਸੁਰੱਖਿਅਤ ਰੱਖਣਾ ਜ਼ਰੂਰੀ ਹੈ ਜਦ ਤੱਕ ਤੁਸੀਂ ਬਾਲਗ ਨਹੀਂ ਹੋ ਜਾਂਦੇ।

ਕੁਝ ਖਾਸ ਹਾਲਤਾਂ ਹੇਠ, ਪੀ ਜੀ ਟੀ ਤੁਹਾਡੇ ਟਰੱਸਟ ਫੰਡ ਵਿੱਚੋਂ ਪੈਸੇ ਉਨ੍ਹਾਂ ਖਾਸ ਚੀਜ਼ਾਂ ਜਾਂ ਸਰਗਰਮੀਆਂ ਲਈ ਜਾਰੀ ਕਰ ਸਕਦਾ ਹੈ ਜਿਨ੍ਹਾਂ ਲਈ ਸ਼ਾਇਦ ਮਨਿਸਟਰੀ ਪੈਸੇ ਨਾ ਦੇਵੇ। ਤੁਸੀਂ, ਤੁਹਾਡਾ ਸੋਸ਼ਲ ਵਰਕਰ ਅਤੇ ਜੀ ਟੀ ਓ ਤੁਹਾਡੀ ਹਾਲਤ ਬਾਰੇ ਵਿਚਾਰ ਕਰ ਸਕਦੇ ਹੋ ਅਤੇ ਰਲ ਕੇ, ਤੁਸੀਂ ਅਤੇ ਤੁਹਾਡਾ ਸੋਸ਼ਲ ਵਰਕਰ ਬੇਨਤੀ ਕਰ ਸਕਦੇ ਹੋ। ਜੀ ਟੀ ਓ ਫੈਸਲਾ ਕਰੇਗਾ ਅਤੇ ਜੇ ਤੁਸੀਂ ਅਤੇ/ਜਾਂ ਤੁਹਾਡਾ ਸੋਸ਼ਲ ਵਰਕਰ ਕੀਤੇ ਗਏ ਫੈਸਲੇ ਨਾਲ ਅਸਹਿਮਤ ਹੋਵੋ ਤਾਂ ਤੁਸੀਂ ਇਹ ਬੇਨਤੀ ਕਰ ਸਕਦੇ ਹੋ ਕਿ ਫੈਸਲੇ ਦੀ ਰਸਮੀ ਤੌਰ 'ਤੇ ਪੜਚੋਲ ਕੀਤੀ ਜਾਵੇ।

19 ਸਾਲ ਦੀ ਉਮਰ 'ਤੇ ਆਪਣੇ ਪੈਸੇ ਸਾਂਭਣ ਲਈ ਤਿਆਰ ਹੋਣ ਵਿਚ ਵੀ ਤੁਹਾਡੀ ਮਦਦ ਕਰਨ ਲਈ ਜੀ ਟੀ ਓ ਤੁਹਾਡੇ ਨਾਲ, ਤੁਹਾਡੇ ਸੋਸ਼ਲ ਵਰਕਰ ਨਾਲ ਅਤੇ ਕਿਸੇ ਵੀ ਹੋਰ ਭਰੋਸੇਯੋਗ ਬਾਲਗ ਨਾਲ ਰਲ ਕੇ ਕੰਮ ਕਰੇਗਾ।

T36531Punjabi_Youth in Care - FLA.indd 2 4/8/2013 9:50:08 AM